HDSB STUDENT Census


# ਹਿੱਸੇਦਾਰੀ ਦੀਆਂ ਦਰਾਂ

### ਵਿਦਿਆਰਥੀ ਦੀ ਮਰਦਮਸ਼ੁਮਾਰੀ ਮੁਕੰਮਲ ਕਰਨ ਲਈ ਕੁੱਲ 64,613 ਵਿਦਿਆਰਥੀਆਂ ਨੂੰ ਸੱਦਾ ਦਿੱਤਾ ਗਿਆ ਸੀ।

ਕਿੰਡਰਗਾਰਟਨ ਤੋਂ ਗ੍ਰੇਡ 3 ਦੇ ਵਿਦਿਆਰਥੀਆਂ ਲਈ, ਮਾਤਾ-ਪਿਤਾ/ਸਰਪ੍ਰਸਤਾਂ ਵਲੋਂ ਆਪਣੇ ਬੱਚੇ ਦੀ ਤਰਫ਼ੋਂ ਮਰਦਮਸ਼ੁਮਾਰੀ ਮੁਕੰਮਲ ਕੀਤੀ ਗਈ ਸੀ। ਗ੍ਰੇਡ 4 ਅਤੇ ਉਸ ਤੋਂ ਉਪਰਲੇ ਵਿਦਿਆਰਥੀਆਂ ਨੇ ਸੁਆਲਨਾਮਾ ਆਪਣੇ ਆਪ ਮੁਕੰਮਲ ਕੀਤਾ ਸੀ। ਹਿੱਸੇਦਰੀ ਦੀ ਬਣਤਰ ਨੂੰ ਵੇਖਦਿਆਂ ਹਿੱਸੇਦਾਰੀ ਦੀਆਂ ਦਰਾਂ ਵੱਖ ਹੁੰਦੀਆਂ ਹਨ।

ਗ੍ਰੇਡ 4 ਤੋਂ 8 ਵਿਚਲੇ ਐਲੀਮੈਂਟਰੀ ਵਿਦਿਆਰਥੀਆਂ ਦੀ ਹਿੱਸੇਦਾਰੀ ਦੀ ਸਭ ਤੋਂ ਵੱਧ ਦਰ 93% ਸੀ। ਗ੍ਰੇਡ 9 ਤੋਂ 12+ ਵਿਚਲੇ ਸੈਕੰਡਰੀ ਵਿਦਿਆਰਥੀਆਂ ਦੀ ਹਿੱਸੇਦਾਰੀ ਦੀ ਦਰ 84% ਸੀ। ਕਿੰਡਰਗਾਰਟਨ ਤੋਂ ਗ੍ਰੇਡ 3 ਵਿਚਕਾਰ ਸਭ ਤੋਂ ਘੱਟ ਹਿੱਸੇਦਾਰੀ ਦੀ ਦਰ 59% ਸੀ।

HDSB ਦੇ ਵਿਦਿਆਰਥੀਆਂ ਦੀਆਂ ਹਿੱਸੇਦਾਰੀ ਦੀਆਂ ਦਰਾਂ (HDSB Student ParticipationRates)




### HDSB ਦੇ ਕੁੱਲ 51,524 ਵਿਦਿਆਰਥੀਆਂ ਨੇ 2020-2021ਦੀ ਵਿਦਿਆਰਥੀ-ਮਰਦਮਸ਼ੁਮਾਰੀ ਮੁਕੰਮਲ ਕੀਤੀ ਸੀ।

ਐਲੀਮੈਂਟਰੀ ਵਿਚ 35,495 ਵਿਦਿਆਰਥੀਆਂ (ਕਿੰਡਰਗਾਰਟਨ ਤੋਂ ਗ੍ਰੇਡ 8) ਨੇ 78% ਹਿੱਸੇਦਾਰੀ ਦੀ ਦਰ ਦੀ ਨੁਮਾਇੰਦਗੀ ਕਰਦਿਆਂ, ਵਿਦਿਆਰਥੀ-ਮਰਦਮਸ਼ੁਮਾਰੀ ਮੁਕੰਮਲ ਕੀਤੀ ਸੀ ਅਤੇ ਸੈਕੰਡਰੀ ਦੇ 16,029 ਵਿਦਿਆਰਥੀਆਂ (ਗ੍ਰੇਡ 9 ਤੋਂ 12) ਨੇ 84% ਹਿੱਸੇਦਾਰੀ ਦੀ ਦਰ ਨਾਲ ਨੁਮਾਇੰਦਗੀ ਕਰਦਿਆਂ, ਵਿਦਿਆਰਥੀ-ਮਰਦਮਸ਼ੁਮਾਰੀ ਮੁਕੰਮਲ ਕੀਤੀ ਸੀ।

ਮਰਦਮਸ਼ੁਮਾਰੀ ਮੁਕੰਮਲ ਕਰਨ ਵਾਲੇ ਵਿਦਿਆਰਥੀਆਂ ਦੀ ਤਦਾਦ (Number of studentswho completed

| ਐਲੀਮੈਂਟਰੀ | ਸੈਕੰਡਰੀ |
|---|---|
| 34,495 | 16,029 |

ਹਿੱਸੇਦਾਰੀ ਦੀ ਫ਼ੀਸਦ (Participation percentages)

| ਐਲੀਮੈਂਟਰੀ | ਸੈਕੰਡਰੀ |
|---|---|
| 78% | 84% |


# ਭਾਸ਼ਾ(ਵਾਂ)(Language(s))

**ਐਲੀਮੈਂਟਰੀ ਅਤੇ ਸੈਕੰਡਰੀ ਦੇ ਬਹੁਤੇ ਵਿਦਿਆਰਥੀਆਂ ਵਲੋਂ ਪੜ੍ਹੀ ਜਾਣ ਵਾਲੀ ਪਹਿਲੀ ਭਾਸ਼ਾ ਅੰਗ੍ਰੇਜ਼ੀ ਹੈ।**

HDSB ਵਿਚ ਐਲੀਮੈਂਟਰੀ (ਕਿੰਡਰਗਾਰਟਨ - ਗ੍ਰੇਡ 8) ਅਤੇ ਸੈਕੰਡਰੀ (ਗ੍ਰੇਡ 9 ਤੋਂ 12) ਦੇ ਸਿਲਸਿਲੇਵਾਰ 22% ਅਤੇ 24% ਵਿਦਿਆਰਥੀਆਂ ਨੇ ਸ਼ੁਰੂਆਤੀ ਬਚਪਨ ਦੌਰਾਨ ਆਪਣੀ ਮਾਂ-ਬੋਲੀ ਵਜੋਂ ਕਈ ਭਾਸ਼ਾਵਾਂ ਸਿਖੀਆਂ ਸੀ।

HDSB ਦੇ ਵਿਦਿਆਰਥੀਆਂ ਵਲੋਂ ਸਿਖੀਆਂ ਗਈਆਂ 10 ਮੁੱਖ ਭਾਸ਼ਾਵਾਂ ਵਿਚ: ਅੰਗ੍ਰੇਜ਼ੀ, ਅਰਬੀ, ਫ੍ਰੈਂਚ, ਚੀਨੀ, ਹਿੰਦੀ, ਕੋਰੀਅਨ, ਪੰਜਾਬੀ, ਰੂਸੀ, ਸਪੇਨੀ, ਤਮਿਲ, ਉਰਦੂ ਸ਼ਾਮਿਲ ਹਨ।

## ਐਲੀਮੈਂਟਰੀ ਵੰਡ (Elementary





### ਮੁਢਲੀ ਭਾਸ਼ਾ(ਵਾਂ)(Elementary Language(s))

- ਅੰਗ੍ਰੇਜ਼ੀ - 26,675 ਉੱਤਰਦਾਤਾ (80%)
- ਬਹੁ-ਭਾਸ਼ਾਵਾਂ - 7,281 ਉੱਤਰਦਾਤਾ (22%)
- ਉਰਦੂ - 2,876 ਉੱਤਰਦਾਤਾ (9%)
- ਅਰਬੀ - 2,491 ਉੱਤਰਦਾਤਾ (7%)
- ਵਾਧੂ ਭਾਸ਼ਾਵਾਂ, ਜੋ ਸੂਚੀਬੱਧ ਨਹੀਂ ਹਨ - 2,251 ਉੱਤਰਦਾਤਾ (7%)
- ਚੀਨੀ - 2,876 ਉੱਤਰਦਾਤਾ (6%)
- ਹਿੰਦੀ - 1,010 ਉੱਤਰਦਾਤਾ (3%)
- ਫ੍ਰੈਂਚ - 1,149 ਉੱਤਰਦਾਤਾ (3%)
- ਪੰਜਾਬੀ - 690 ਉੱਤਰਦਾਤਾ (2%)
- ਤਮਿਲ - 321 ਉੱਤਰਦਾਤਾ (1%)
- ਰੂਸੀ - 364 ਉੱਤਰਦਾਤਾ (1%)
- ਸਪੇਨੀ - 386 ਉੱਤਰਦਾਤਾ (1%)

*ਫ਼ੀਸਦ ਨੂੰ 100% ਵਿਚ ਨਹੀਂ ਜੋੜਿਆ ਜਾਏਗਾ, ਕਿਉਂਕਿ ਉੱਤਰਦਾਤਾ ਕਈ ਭਾਸ਼ਾਵਾਂ ਚੁਣ ਸਕਦੇ ਹਨ

## ਸੈਕੰਡਰੀ ਵੰਡ (Secondary Breakdown)




### ਸੈਕੰਡਰੀ ਭਾਸ਼ਾ(ਵਾਂ)(Secondary Language(s))

- ਅੰਗ੍ਰੇਜ਼ੀ - 12,180 ਉੱਤਰਦਾਤਾ (85%)
- ਬਹੁ-ਭਾਸ਼ਾਵਾਂ - 3,499 ਉੱਤਰਦਾਤਾ (24%)
- ਚੀਨੀ - 1,213 ਉੱਤਰਦਾਤਾ (8%)
- ਉਰਦੂ - 905 ਉੱਤਰਦਾਤਾ (6%)
- ਅਰਬੀ - 846 ਉੱਤਰਦਾਤਾ (6%)
- ਫ੍ਰੈਂਚ - 769 ਉੱਤਰਦਾਤਾ (5%)
- ਵਾਧੂ ਭਾਸ਼ਾਵਾਂ, ਜੋ ਸੂਚੀਬੱਧ ਨਹੀਂ ਹਨ - 533 ਉੱਤਰਦਾਤਾ (4%)
- ਹਿੰਦੀ - 324 ਉੱਤਰਦਾਤਾ (2%)
- ਪੰਜਾਬੀ - 296 ਉੱਤਰਦਾਤਾ (2%)
- ਸਪੇਨੀ - 203 ਉੱਤਰਦਾਤਾ (1%)
- ਕੋਰਿਆਈ - 153 ਉੱਤਰਦਾਤਾ (1%)
- ਰੂਸੀ - 148 ਉੱਤਰਦਾਤਾ (1%)


*ਫ਼ੀਸਦ ਨੂੰ 100% ਵਿਚ ਨਹੀਂ ਜੋੜਿਆ ਜਾਏਗਾ, ਕਿਉਂਕਿ ਉੱਤਰਦਾਤਾ ਕਈ ਭਾਸ਼ਾਵਾਂ ਚੁਣ ਸਕਦੇ ਹਨ

# ਨਸਲੀ-ਮੂਲ/ਸਭਿਆਚਾਰਕ ਪਿਛੋਕੜ (Ethnicity/Cultural Background)

ਜਵਾਬ ਦੇਣ ਵਾਲਿਆਂ ਨੇ ਵਿਕਲਪਾਂ ਦੀ ਸੂਚੀ ਵਿਚੋਂ ਆਪਣਾ ਨਸਲੀ-ਮੂਲ/ਸਭਿਆਚਾਰਕ ਪਿਛੋਕੜ ਚੁਣਕੇ ਅਤੇ/ਜਾਂ ਖੁੱਲ੍ਹੇ ਟੈਕਸਟ ਬਾੱਕਸ ਵਿਚ ਆਪਣਾ ਨਸਲੀ-ਮੂਲ/ਸਭਿਆਚਾਰਕ ਪਿਛੋਕੜ ਭਰਕੇ ਉਹਨਾਂ ਦੀ ਚੋਣ ਕੀਤੀ ਸੀ।

## ਐਲੀਮੈਂਟਰੀ ਵੰਡ (Elementary

36% ਐਲੀਮੈਂਟਰੀ ਵਿਦਿਆਰਥੀਆਂ (ਕਿੰਡਰਗਾਰਟਨ ਤੋਂ ਗ੍ਰੇਡ 8) ਵਲੋਂ ਦੱਸੇ ਗਏ ਅਕਸਰ ਸਭ ਤੋਂ ਵੱਧ ਨਸਲੀ/ਸਭਿਆਚਾਰਕ ਸਮੂਹ ਨਿਰਧਾਰਤ ਕਰਨ ਦੇ ਨਾਲ ਹੀ ਬਹੁ ਨਸਲੀ/ਸਭਿਆਚਾਰਕ ਪਛਾਣ ਬਤੌਰ ਕਨੇਡੀਅਨ, ਅੰਗ੍ਰੇਜ਼ੀ, ਪਾਕਿਸਤਾਨੀ, ਚੀਨੀ, ਆਇਰਸ਼ ਜਾਂ ਸਕਾੱਟਿਸ਼ ਕੀਤੀ ਗਈ ਸੀ।





### ਮੁਢਲਾ ਨਸਲੀ-ਮੂਲ/ਸਭਿਆਚਾਰਕ ਪਿਛੋਕੜ (Elementary

- ਕਨੇਡੀਅਨ - 15,657 ਉੱਤਰਦਾਤਾ (47%)
- ਵਾਧੂ ਨਸਲੀ-ਮੂਲ, ਜੋ ਸੂਚੀਬੱਧ ਨਹੀਂ ਹਨ - 14,840 ਉੱਤਰਦਾਤਾ (44%)
- ਬਹੁ ਨਸਲੀ-ਮੂਲ/ਸਭਿਆਚਾਰਕ ਪਛਾਣ- 11,989 ਉੱਤਰਦਾਤਾ (36%)
- ਅੰਗ੍ਰੇਜ਼ੀ - 4,250 ਉੱਤਰਦਾਤਾ (13%)
- ਪਾਕਿਸਤਾਨੀ - 3,483 ਉੱਤਰਦਾਤਾ (10%)
- ਚੀਨੀ - 2,546 ਉੱਤਰਦਾਤਾ (8%)
- ਆਇਰਸ਼ - 2,495 ਉੱਤਰਦਾਤਾ (7%)
- ਸਕਾੱਟਿਸ਼ - 2,463 ਉੱਤਰਦਾਤਾ(7%)
- ਜਰਮਨ - 1,413 ਉੱਤਰਦਾਤਾ (4%)
- ਇਟੈਲੀਅਨ - 1,166 ਉੱਤਰਦਾਤਾ (3%)
- ਫ਼੍ਰੈਂਚ - 1,031 ਉੱਤਰਦਾਤਾ (3%)
- ਬ੍ਰਿਟਿਸ਼ - 896 ਉੱਤਰਦਾਤਾ (3%)
- ਡਚ - 880 ਉੱਤਰਦਾਤਾ (3%)
- ਮੂਲ-ਨਿਵਾਸੀ (ਅਨੀਸ਼ੀਨਾਬੇ, ਕ੍ਰੀ, ਹੌਡੇਨੋਸੌਨੀ, ਇਨਉਟ, ਮੈਟਿਸ, ਮਿਕਮੈਕ, ਓਜੀਵੇ) - 233 ਉੱਤਰਦਾਤਾ (1%)

*ਫ਼ੀਸਦ ਨੂੰ 100% ਵਿਚ ਨਹੀਂ ਜੋੜਿਆ ਜਾਏਗਾ, ਕਿਉਂਕਿ ਉੱਤਰਦਾਤਾ ਕਈ ਨਸਲੀ-ਮੂਲ/ਸਭਿਆਚਾਰਕ ਪਿਛੋਕੜ ਚੁਣ ਸਕਦੇ ਹਨ

## ਸੈਕੰਡਰੀ ਵੰਡ (Seco

50% ਸੈਕੰਡਰੀ ਵਿਦਿਆਰਥੀਆਂ (ਗ੍ਰੇਡ 9-12) ਵਲੋਂ ਦੱਸੇ ਗਏ ਅਕਸਰ ਸਭ ਤੋਂ ਵੱਧ ਇਕੱਲੇ ਨਸਲੀ/ਸਭਿਆਚਾਰਕ ਸਮੂਹ ਨਿਰਧਾਰਤ ਕਰਨ ਦੇ ਨਾਲ ਹੀ ਬਹੁ ਨਸਲੀ/ਸਭਿਆਚਾਰਕ ਪਛਾਣ ਬਤੌਰ ਕਨੇਡੀਅਨ, ਅੰਗ੍ਰੇਜ਼ੀ, ਚੀਨੀ, ਆਇਰਸ਼, ਸਕਾੱਟਿਸ਼, ਪਾਕਿਸਤਾਨੀ, ਜਰਮਨ, ਇਟੈਲੀਅਨ ਅਤੇ ਫ਼੍ਰੈਂਚ ਕੀਤੀ ਗਈ ਸੀ।




### ਗੌਣ ਨਸਲੀ-ਮੂਲ/ਸਭਿਆਚਾਰਕ ਪਿਛੋਕੜ (Secondary

- ਬਹੁ ਨਸਲੀ-ਮੂਲ/ਸਭਿਆਚਾਰਕ ਪਛਾਣ - 7,341 (50%)
- ਵਾਧੂ ਨਸਲੀ-ਮੂਲ, ਜੋ ਸੂਚੀਬੱਧ ਨਹੀਂ ਹਨ - 7,266 ਉੱਤਰਦਾਤਾ (49%)
- ਕਨੇਡੀਅਨ - 6,221 ਉੱਤਰਦਾਤਾ (42%)
- ਅੰਗ੍ਰੇਜ਼ੀ - 2,235 ਉੱਤਰਦਾਤਾ (15%)
- ਆਇਰਸ਼ - 1,741 ਉੱਤਰਦਾਤਾ (12%)
- ਸਕਾੱਟਿਸ਼ - 1,687 ਉੱਤਰਦਾਤਾ (11%)
- ਚੀਨੀ - 1,561 ਉੱਤਰਦਾਤਾ (11%)
- ਪਾਕਿਸਤਾਨੀ - 1,080 ਉੱਤਰਦਾਤਾ(7%)
- ਜਰਮਨ - 1,018 ਉੱਤਰਦਾਤਾ (7%)
- ਇਟੈਲੀਅਨ - 811 ਉੱਤਰਦਾਤਾ (5%)
- ਫ਼੍ਰੈਂਚ - 674 ਉੱਤਰਦਾਤਾ (5%)
- ਬ੍ਰਿਟਿਸ਼-617 ਉੱਤਰਦਾਤਾ(4%)
- ਡਚ - 514 ਉੱਤਰਦਾਤਾ (3%)
- ਪਾੱਲਿਸ਼ - 460ਉੱਤਰਦਾਤਾ (3%)
- ਯੁਕਰੇਨੀਅਨ - 379 (3%)
- ਮੂਲ-ਨਿਵਾਸੀ (ਅਨੀਸ਼ੀਨਾਬੇ, ਕ੍ਰੀ, ਹੌਡੇਨੋਸੌਨੀ, ਇਨਉਟ, ਮੈਟਿਸ, ਮਿਕਮੈਕ, ਓਜੀਵੇ) - 124 ਉੱਤਰਦਾਤਾ (1%)


*ਫ਼ੀਸਦ ਨੂੰ 100% ਵਿਚ ਨਹੀਂ ਜੋੜਿਆ ਜਾਏਗਾ, ਕਿਉਂਕਿ ਉੱਤਰਦਾਤਾ ਕਈ ਨਸਲੀ-ਮੂਲ/ਸਭਿਆਚਾਰਕ ਪਿਛੋਕੜ ਚੁਣ ਸਕਦੇ ਹਨ

HDSB STUDENT Census

# ਬੰਸ(Race)

## ਐਲੀਮੈਂਟਰੀ ਵੰਡ (Elementary

ਕਿੰਡਰਗਾਰਟਨ ਤੋਂ ਗ੍ਰੇਡ 3 ਦੇ ਵਿਦਿਆਰਥੀਆਂ ਅਤੇ ਐਲੀਮੈਂਟਰੀ ਵਿਦਿਆਰਥੀਆਂ (ਗ੍ਰੇਡ 4-8) ਵਿਚ ਮਾਤਾ-ਪਿਤਾ/ਸਰਪ੍ਰਸਤਾਂ ਨੂੰ ਨਸਲੀ ਪਛਾਣ ਦੀ ਸੂਚੀ ਵਿਚੋਂ ਚੋਣ ਕਰਨ ਲਈ ਕਿਹਾ ਗਿਆ ਸੀ। ਜਵਾਬ ਦੇਣ ਵਾਲੇ ਕਈ ਨਸਲੀ ਸ਼੍ਰੇਣੀਆਂ ਦਸਣ ਦੇ ਵੀ ਸਮਰੱਥ ਸਨ। ਕੁਲ ਮਿਲਾਕੇ ਨਸਲੀ ਪਛਾਣ ਦੇ 120 ਤੋਂ ਵੱਧ ਸੁਮੇਲਾਂ ਬਾਰੇ ਦਸਿਆ ਗਿਆ ਸੀ। ਨਸਲੀ ਸਮੂਹ ਗੋਰੇ ਅਤੇ ਸਾਊਥ ਏਸ਼ੀਅਨ ਨੇ ਅਕਸਰ ਸਭ ਤੋਂ ਵੱਧ (ਸਿਲਸਿਲੇਵਾਰ 44% ਅਤੇ 23%) ਵਿਕਲਪਾਂ ਬਾਰੇ ਦਸਿਆ ਸੀ। ਅਕਸਰ ਦੂਜੇ ਸਭ ਤੋਂ ਵੱਧ ਚੁਣੇ ਗਏ ਵਿਕਲਪ ਮਿਡਲ ਈਸਟਰਨ, ਈਸਟ ਏਸ਼ੀਅਨ, ਬਹੁ-ਨਸਲੀ, ਕਾਲੇ, ਸਾਊਥਈਸਟ ਏਸ਼ੀਅਨ, ਲੈਟਿਨੋ/ਲੈਟਿਨਾ/ਲੈਟਿੰਕਸ ਅਤੇ ਮੂਲ-ਨਿਵਾਸੀ ਸਨ। ਬਹੁ-ਨਸਲੀ ਪਛਾਣ ਦਾ ਵਿਸ਼ਲੇਸ਼ਣ ਜਾਰੀ ਹੈ ਅਤੇ ਇਸ ਨੂੰ ਅਗਲੇ ਡਾਟਾ ਵਿਚ ਜਾਰੀ ਕੀਤਾ ਜਾਏਗਾ।




### ਮੁਢਲਾ ਬੰਸ (Elementary Race)


- ਗੋਰੇ - 14,371 ਉੱਤਰਦਾਤਾ (44%)
- ਸਾਊਥ ਏਸ਼ੀਅਨ - 7,305 ਉੱਤਰਦਾਤਾ (23%)
- ਮਿਡਲ ਈਸਟਰਨ - 3,089 ਉੱਤਰਦਾਤਾ (10%)
- ਈਸਟ ਏਸ਼ੀਅਨ - 2,853 ਉੱਤਰਦਾਤਾ (9%)
- ਬਹੁ-ਨਸਲੀ** - 2,704 ਉੱਤਰਦਾਤਾ (8%)
- ਕਾਲੇ - 1,223 ਉੱਤਰਦਾਤਾ (4%)
- ਲੈਟਿਨੋ/ਲੈਟਿਨਾ/ਲੈਟਿੰਕਸ - 294 ਉੱਤਰਦਾਤਾ (1%)
- ਸਾਊਥਈਸਟ ਏਸ਼ੀਅਨ - 412 ਉੱਤਰਦਾਤਾ (1%)
- ਮੂਲ ਨਿਵਾਸੀ - 101 ਉੱਤਰਦਾਤਾ (<0.5%)

*ਫ਼ੀਸਦ ਨੂੰ 100% ਵਿਚ ਨਹੀਂ ਜੋੜਿਆ ਜਾਏਗਾ, ਕਿਉਂਕਿ ਉੱਤਰਦਾਤਾ ਕਈ ਨਸਲੀ ਸਮੂਹ ਚੁਣ ਸਕਦੇ ਹਨ

** ਬਹੁ-ਨਸਲੀ ਪਛਾਣ ਦਾ ਵਿਸ਼ਲੇਸ਼ਣ ਜਾਰੀ ਹੈ ਅਤੇ ਅਗਲੇ ਡਾਟਾ ਜਾਰੀ ਕਰਨ ਵੇਲੇ ਇਸ ਬਾਰੇ ਸਰਬਜਨਕ ਤੌਰ 'ਤੇ ਦਸਿਆ ਜਾਏਗਾ

## ਸੈਕੰਡਰੀ ਵੰਡ

ਸੈਕੰਡਰੀ ਦੇ ਵਿਦਿਆਰਥੀਆਂ (ਗ੍ਰੇਡ 9-12) ਨੇ ਨਸਲੀ ਸ਼੍ਰੇਣੀਆਂ ਦੀ ਸੂਚੀ ਵਿਚੋਂ ਚੁਣਕੇ ਆਪਣੀ ਨਸਲੀ ਪਛਾਣ ਬਾਰੇ ਦੱਸਿਆ ਸੀ। ਵਿਦਿਆਰਥੀ ਕਈ ਨਸਲੀ ਸ਼੍ਰੇਣੀਆਂ ਦਸਣ ਦੇ ਵੀ ਸਮਰੱਥ ਸਨ। ਕੁਲ ਮਿਲਾਕੇ ਨਸਲੀ ਪਛਾਣ ਦੇ 120 ਤੋਂ ਵੱਧ ਸੁਮੇਲਾਂ ਬਾਰੇ ਦਸਿਆ ਗਿਆ ਸੀ। ਨਸਲੀ ਸਮੂਹ ਗੋਰੇ ਅਤੇ ਸਾਊਥ ਏਸ਼ੀਅਨ ਨੇ ਅਕਸਰ ਸਭ ਤੋਂ ਵੱਧ (ਸਿਲਸਿਲੇਵਾਰ 52% ਅਤੇ 15%) ਵਿਕਲਪਾਂ ਬਾਰੇ ਦਸਿਆ ਸੀ। ਅਕਸਰ ਦੂਜੇ ਸਭ ਤੋਂ ਵੱਧ ਚੁਣੇ ਗਏ ਵਿਕਲਪ ਈਸਟ ਏਸ਼ੀਅਨ, ਬਹੁ-ਨਸਲੀ, ਮਿਡਲ ਈਸਟਰਨ, ਕਾਲੇ, ਸਾਊਥਈਸਟ ਏਸ਼ੀਅਨ, ਲੈਟਿਨੋ/ਲੈਟਿਨਾ/ਲੈਟਿੰਕਸ ਅਤੇ ਮੂਲ-ਨਿਵਾਸੀ ਸਨ। ਬਹੁ-ਨਸਲੀ ਪਛਾਣ ਦਾ ਵਿਸ਼ਲੇਸ਼ਣ ਜਾਰੀ ਹੈ ਅਤੇ ਇਸ ਨੂੰ ਅਗਲੇ ਡਾਟਾ ਵਿਚ ਜਾਰੀ ਕੀਤਾ ਜਾਏਗਾ।




### ਸੈਕੰਡਰੀ ਬੰਸ (Secondary Race)

- ਗੋਰੇ - 7,859 ਉੱਤਰਦਾਤਾ (52%)
- ਸਾਊਥ ਏਸ਼ੀਅਨ - 2,289 ਉੱਤਰਦਾਤਾ (15%)
- ਈਸਟ ਏਸ਼ੀਅਨ - 1,602 ਉੱਤਰਦਾਤਾ (11%)
- ਬਹੁ-ਨਸਲੀ ** - 1,326 ਉੱਤਰਦਾਤਾ (9%)
- ਮਿਡਲ ਈਸਟਰਨ - 1,143 ਉੱਤਰਦਾਤਾ (8%)
- ਕਾਲੇ - 410 ਉੱਤਰਦਾਤਾ (3%)
- ਲੈਟਿਨੋ/ਲੈਟਿਨਾ/ਲੈਟਿੰਕਸ - 201 ਉੱਤਰਦਾਤਾ (1%)
- ਸਾਊਥਈਸਟ ਏਸ਼ੀਅਨ - 177 ਉੱਤਰਦਾਤਾ (1%)
- ਮੂਲ ਨਿਵਾਸੀ - 22 ਉੱਤਰਦਾਤਾ (<0.5%)

*ਫ਼ੀਸਦ ਨੂੰ 100% ਵਿਚ ਨਹੀਂ ਜੋੜਿਆ ਜਾਏਗਾ, ਕਿਉਂਕਿ ਉੱਤਰਦਾਤਾ ਕਈ ਨਸਲੀ ਸਮੂਹ ਚੁਣ ਸਕਦੇ ਹਨ

** ਬਹੁ-ਨਸਲੀ ਪਛਾਣ ਦਾ ਵਿਸ਼ਲੇਸ਼ਣ ਜਾਰੀ ਹੈ ਅਤੇ ਅਗਲੇ ਡਾਟਾ ਜਾਰੀ ਕਰਨ ਵੇਲੇ ਇਸ ਬਾਰੇ ਸਰਬਜਨਕ ਤੌਰ 'ਤੇ ਦਸਿਆ ਜਾਏਗਾ

## ਮੂਲ-ਨਿਵਾਸੀ ਸਬੰਧੀ ਪਛਾਣ (Indigenous Identity)


ਮੂਲ-ਨਿਵਾਸੀਆਂ ਦੇ ਆਗੂਆਂ ਨਾਲ ਹੋਣ ਵਾਲੀ ਗੱਲਬਾਤ ਤੋਂ ਬਾਅਦ ਇਸ ਨੂੰ ਛੇਤੀ ਹੀ ਜਾਰੀ ਕੀਤਾ ਜਾਏਗਾ।

HDSB STUDENT Census

# ਧਾਰਮਿਕ/ਰੂਹਾਨੀ ਸਬੰਧ (Religion/Spiritual A■liation(s))

## ਐਲੀਮੈਂਟਰੀ ਵੰਡ (Elementary

ਐਲੀਮੈਂਟਰੀ ਦੇ ਵਿਦਿਆਰਥੀਆਂ ਵਲੋਂ ਅਕਸਰ ਸਭ ਤੋਂ ਵੱਧ ਵਾਰੀ ਚੁਣੇ ਗਏ ਤਿੰਨ ਧਰਮ ਮੁਸਲਮਾਨ, ਈਸਾਈ ਸੀ ਅਤੇ ਕੋਈ ਹੋਰ ਧਾਰਮਿਕ ਅਤੇ/ਜਾਂ ਰੂਹਾਨੀ ਸਬੰਧ (ਸਿਲਸਿਲੇਵਾਰ 27%, 24%, 22%) ਨਹੀਂ ਸਨ। 8% ਐਲੀਮੈਂਟਰੀ ਵਿਦਿਆਰਥੀਆਂ (ਕਿੰਡਰਗਾਰਟਨ - ਗ੍ਰੇਡ 8) ਨੇ ਹਿੰਦੂ ਦੀ ਚੋਣ ਕੀਤੀ ਸੀ, ਜਦਕਿ 7% ਨੇ ਬਹੁ-ਧਾਰਮਿਕ ਅਤੇ/ਜਾਂ ਰੂਹਾਨੀ ਸਬੰਧਾਂ ਬਾਰੇ ਦਸਿਆ ਸੀ।





**ਐਲੀਮੈਂਟਰੀ ਧਾਰਮਿਕ/ਰੂਹਾਨੀ ਸਬੰਧ (Elementary**

- ਮੁਸਲਮਾਨ - 7,667 ਉੱਤਰਦਾਤਾ (27%)
- ਈਸਾਈ - 6,991 ਉੱਤਰਦਾਤਾ (24%)
- ਕੋਈ ਧਾਰਮਿਕ ਜਾਂ ਰੂਹਾਨੀ ਸਬੰਧ ਨਹੀਂ - 6,234 ਉੱਤਰਦਾਤਾ (22%)
- ਹਿੰਦੂ - 2,189 ਉੱਤਰਦਾਤਾ (8%)
- ਬਹੁ ਧਾਰਮਿਕ/ਰੂਹਾਨੀ ਸਬੰਧ ਨਹੀਂ - 1,872 ਉੱਤਰਦਾਤਾ (7%)
- ਰੂਹਾਨੀ ਪਰ ਧਾਰਮਿਕ ਨਹੀਂ - 996 ਉੱਤਰਦਾਤਾ (3%)
- ਨਾਸਤਿਕ - 924 ਉੱਤਰਦਾਤਾ (3%)
- ਸਿਖ - 745 ਉੱਤਰਦਾਤਾ (3%)
- ਐਗਨੋਸਟਿਕ - 481 ਉੱਤਰਦਾਤਾ (2%)
- ਬੋਧੀ - 257 ਉੱਤਰਦਾਤਾ (1%)
- ਯਹੂਦੀ - 192 ਉੱਤਰਦਾਤਾ (1%)
- ਧਾਰਮਿਕ ਜਾਂ ਰੂਹਾਨੀ ਸਬੰਧ, ਜੋ ਸੂਚੀਬੱਧ ਨਹੀਂ ਹਨ - 154 ਉੱਤਰਦਾਤਾ (1%)
- ਮੂਲ-ਨਸਲੀ ਰੂਹਾਨੀਅਤ - 19 ਉੱਤਰਦਾਤਾ (<0.5%)

*ਫ਼ੀਸਦ ਨੂੰ 100% ਵਿਚ ਨਹੀਂ ਜੋੜਿਆ ਜਾਏਗਾ, ਕਿਉਂਕਿ ਉੱਤਰਦਾਤਾ ਕਈ ਧਾਰਮਿਕ/ਰੂਹਾਨੀ ਸਬੰਧ ਚੁਣ ਸਕਦੇ ਹਨ

## ਸੈਕੰਡਰੀ ਵੰਡ (Secondary

ਸੈਕੰਡਰੀ ਦੇ ਵਿਦਿਆਰਥੀਆਂ (ਗ੍ਰੇਡ 9-12) ਵਲੋਂ ਚੁਣੇ ਗਏ ਅਕਸਰ ਸਭ ਤੋਂ ਵੱਧ ਤਿੰਨ ਧਾਰਮਿਕ ਸਮੂਹ ਈਸਾਈ, ਕੋਈ ਧਾਰਮਿਕ ਅਤੇ/ਜਾਂ ਰੂਹਾਨੀ ਸਬੰਧ ਨਹੀਂ ਅਤੇ ਮੁਸਲਮਾਨ (ਸਿਲਸਿਲੇਵਾਰ 25%, 22%, 17%) ਸਨ। ਸੈਕੰਡਰੀ ਦੇ 11% ਵਿਦਿਆਰਥੀਆਂ (ਗ੍ਰੇਡ 9-12) ਨੇ ਨਾਸਤਿਕ ਚੁਣਿਆ ਸੀ, ਜਦਕਿ 9% ਨੇ ਬਹੁ-ਧਾਰਮਿਕ ਅਤੇ/ਜਾਂ ਰੂਹਾਨੀ ਸਬੰਧ ਦੀ ਚੋਣ ਕੀਤੀ ਸੀ।




**ਸੈਕੰਡਰੀ ਧਾਰਮਿਕ/ਰੂਹਾਨੀ ਸਬੰਧ (Secondary Religion/Spiritual Afiliation(s))**

- ਈਸਾਈ - 3,427 ਉੱਤਰਦਾਤਾ (25%)
- ਕੋਈ ਧਾਰਮਿਕ ਜਾਂ ਰੂਹਾਨੀ ਸਬੰਧ ਨਹੀਂ - 3,007 ਉੱਤਰਦਾਤਾ (22%)
- ਮੁਸਲਮਾਨ - 2,336 ਉੱਤਰਦਾਤਾ (17%)
- ਨਾਸਤਿਕ - 1,452 ਉੱਤਰਦਾਤਾ (11%)
- ਬਹੁ ਧਾਰਮਿਕ/ਰੂਹਾਨੀ ਸਬੰਧ - 1,280 ਉੱਤਰਦਾਤਾ (9%)
- ਹਿੰਦੂ - 517 ਉੱਤਰਦਾਤਾ (4%)
- ਰੂਹਾਨੀ ਪਰ ਧਾਰਮਿਕ ਨਹੀਂ - 590 ਉੱਤਰਦਾਤਾ (4%)
- ਐਗਨੋਸਟਿਕ - 496 ਉੱਤਰਦਾਤਾ (4%)
- ਸਿਖ - 289 ਉੱਤਰਦਾਤਾ (2%)
- ਬੋਧੀ - 153 ਉੱਤਰਦਾਤਾ (1%)
- ਯਹੂਦੀ - 80 ਉੱਤਰਦਾਤਾ (1%)
- ਧਾਰਮਿਕ ਜਾਂ ਰੂਹਾਨੀ ਸਬੰਧ, ਜੋ ਸੂਚੀਬੱਧ ਨਹੀਂ ਹਨ - 96 ਉੱਤਰਦਾਤਾ (1%)
- ਮੂਲ-ਨਸਲੀ ਰੂਹਾਨੀਅਤ - 4 ਉੱਤਰਦਾਤਾ(<0.5%)


*ਫ਼ੀਸਦ ਨੂੰ 100% ਵਿਚ ਨਹੀਂ ਜੋੜਿਆ ਜਾਏਗਾ, ਕਿਉਂਕਿ ਉੱਤਰਦਾਤਾ ਕਈ ਧਾਰਮਿਕ/ਰੂਹਾਨੀ ਸਬੰਧ ਚੁਣ ਸਕਦੇ ਹਨ

HDSB STUDENT Census

# ਲਿੰਗ-ਪਛਾਣ(Gender Identity)

## ਐਲੀਮੈਂਟਰੀ ਵੰਡ (Elementary Breakdown)

46% ਐਲੀਮੈਂਟਰੀ ਵਿਦਿਆਰਥੀਆਂ (ਕਿੰਡਰਗਾਰਟਨ – ਗ੍ਰੇਡ 8) ਦੀ ਪਛਾਣ ਬਤੌਰ ਕੁੜੀ/ਔਰਤ, 49%ਦੀ ਪਛਾਣ ਮੁੰਡਾ/ਮਰਦ ਅਤੇ 5% ਦੀ ਪਛਾਣ ਲਿੰਗ ਵੰਨ-ਸੁਵੰਨਤਾ ਵਜੋਂ ਕੀਤੀ ਗਈ ਸੀ, ਇਸ ਵਿਚ ਵਾਧੂ ਅਤੇ ਇਕ ਤੋਂ ਵੱਧ ਲਿੰਗ-ਪਛਾਣ ਸ਼ਾਮਿਲ ਹਨ।





### ਐਲੀਮੈਂਟਰੀ ਲਿੰਗ ਪਛਾਣ(Elementary Gender

- ਮੁੰਡਾ/ਮਰਦ - 4,718 ਉੱਤਰਦਾਤਾ (49%)
- ਕੁੜੀ/ਔਰਤ - 4,412 ਉੱਤਰਦਾਤਾ (46%)
- ਲਿੰਗ ਵੰਨ-ਸੁਵੰਨਤਾ - 444 ਉੱਤਰਦਾਤਾ(5%)

*ਫ਼ੀਸਦ ਨੂੰ 100% ਵਿਚ ਨਹੀਂ ਜੋੜਿਆ ਜਾਏਗਾ, ਕਿਉਂਕਿ ਉੱਤਰਦਾਤਾ ਕਈ ਲਿੰਗ ਪਛਾਣ(ਪਛਾਣਾਂ) ਚੁਣ ਸਕਦੇ ਹਨ

## ਸੈਕੰਡਰੀ ਵੰਡ (Secondary

ਸੈਕੰਡਰੀ ਵਿਚ 47% ਵਿਦਿਆਰਥੀਆਂ (ਗ੍ਰੇਡ9-12)ਦੀ ਪਛਾਣ ਬਤੌਰ ਕੁੜੀ/ਔਰਤ, 48% ਦੀ ਪਛਾਣ ਮੁੰਡਾ/ਮਰਦ ਵਜੋਂ, ਜਦਕਿ ਸੈਕੰਡਰੀ ਦੇ 5% ਵਿਦਿਆਰਥੀਆਂ ਦੀ ਪਛਾਣ ਲਿੰਗ ਵੰਨ-ਸੁਵੰਨਤਾ ਵਜੋਂ ਕੀਤੀ ਗਈ ਸੀ, ਇਸ ਵਿਚ ਬਹੁ ਲਿੰਗ-ਪਛਾਣ ਸ਼ਾਮਿਲ ਹਨ।




### ਸੈਕੰਡਰੀ ਲਿੰਗ ਪਛਾਣ (Secondary Gender

- ਮੁੰਡਾ/ਮਰਦ - 7,231 ਉੱਤਰਦਾਤਾ (48%)
- ਕੁੜੀ/ਔਰਤ - 7,166 ਉੱਤਰਦਾਤਾ (47%)
- ਲਿੰਗ ਵੰਨ-ਸੁਵੰਨਤਾ - 699 ਉੱਤਰਦਾਤਾ(5%)


*ਫ਼ੀਸਦ ਨੂੰ 100% ਵਿਚ ਨਹੀਂ ਜੋੜਿਆ ਜਾਏਗਾ, ਕਿਉਂਕਿ ਉੱਤਰਦਾਤਾ ਕਈ ਲਿੰਗ ਪਛਾਣ(ਪਛਾਣਾਂ) ਚੁਣ ਸਕਦੇ ਹਨ

HDSB STUDENT Census

# ਜਿਨਸੀ ਰੁਝਾਨ (Sexual Orientation)

## ਐਲੀਮੈਂਟਰੀ ਵੰਡ (Elementary

ਐਲੀਮੈਂਟਰੀ ਗ੍ਰੇਡ 7 ਤੋਂ 8 ਦੇ ਜ਼ਿਆਦਾਤਰ ਵਿਦਿਆਰਥੀਆਂ (85%) ਦੀ ਪਛਾਣ ਹੈਟਰੋਸੈਕਸੁਅਲ/ਸਟ੍ਰੇਟ ਵਜੋਂ ਕੀਤੀ ਗਈ ਸੀ, ਜਦਕਿ 15% ਦੀ ਪਛਾਣ ਹੇਠਾਂ ਦਿੱਤਿਆਂ ਵਿਚੋਂ ਇਕ ਜਾਂ ਵਧ ਵਿਚ ਕੀਤੀ ਗਈ ਸੀ: ਲੈਸਬੀਅਨ, ਗੇਅ, ਬਾਇਸੈਕਸੁਅਲ, ਟੂ-ਸਪਿਰਿਟ, ਕੁਇਰ, ਕੋਸ਼ਚਨਿੰਗ, ਅਸੈਕਸੁਅਲ, ਪੈਨਸੈਕਸੁਅਲ ਅਤੇ/ਜਾਂ ਵਾਧੂ ਜਿਨਸੀ ਰੁਝਾਨ, ਜਿਹਨਾਂ ਬਾਰੇ ਨਹੀਂ ਦਸਿਆ ਗਿਆ।




### ਐਲੀਮੈਂਟਰੀ ਜਿਨਸੀ ਰੁਝਾਨ (Elementary Sexual


- ਹੈਟ੍ਰੋਸੈਕਸੁਅਲ (ਸਟ੍ਰੇਟ) - 7,222 ਉੱਤਰਦਾਤਾ (85%)
- ਜਿਨਸੀ ਵੰਨ-ਸੁਵੰਨਤਾ * - 1,248 ਉੱਤਰਦਾਤਾ (15%)

*ਇਸ ਵਿਚ ਲੈਸਬੀਅਨ, ਗੇਅ, ਬਾਇਸੈਕਸੁਅਲ, ਟੂ-ਸਪਿਰਿਟ, ਕੁਇਰ, ਕੋਸ਼ਚਨਿੰਗ, ਅਸੈਕਸੁਅਲ, ਪੈਨਸੈਕਸੁਅਲ ਅਤੇ/ਜਾਂ ਵਾਧੂ ਜਿਨਸੀ ਰੁਝਾਨ, ਜਿਹਨਾਂ ਬਾਰੇ ਨਹੀਂ ਦਸਿਆ ਗਿਆ

** ਗ੍ਰੇਡ 7 ਅਤੇ ਉਸ ਤੋਂ ਉੱਪਰ ਦੇ ਵਿਦਿਆਰਥੀਆਂ ਨੇ ਆਪਣੇ ਜਿਨਸੀ ਰੁਝਾਨ ਬਾਰੇ ਦਸਿਆ ਸੀ।

## ਸੈਕੰਡਰੀ ਵੰਡ(Secondary Breakdown)

ਸੈਕੰਡਰੀ ਦੇ ਜ਼ਿਆਦਾਤਰ ਵਿਦਿਆਰਥੀਆਂ (ਗ੍ਰੇਡ 9-12) ਵਿਚੋਂ (83%) ਦੀ ਪਛਾਣ ਹੈਟਰੋਸੈਕਸੁਅਲ/ਸਟ੍ਰੇਟ ਵਜੋਂ ਕੀਤੀ ਗਈ ਸੀ, ਜਦਕਿ 17% ਦੀ ਪਛਾਣ ਹੇਠਾਂ ਦਿੱਤਿਆਂ ਵਿਚੋਂ ਇਕ ਜਾਂ ਵਧ ਵਿਚ ਕੀਤੀ ਗਈ ਸੀ: ਲੈਸਬੀਅਨ, ਗੇਅ, ਬਾਇਸੈਕਸੁਅਲ, ਟੂ-ਸਪਿਰਿਟ, ਕੁਇਰ, ਕੋਸ਼ਚਨਿੰਗ, ਅਸੈਕਸੁਅਲ, ਪੈਨਸੈਕਸੁਅਲ ਅਤੇ/ਜਾਂ ਵਾਧੂ ਜਿਨਸੀ ਰੁਝਾਨ, ਜਿਹਨਾਂ ਬਾਰੇ ਨਹੀਂ ਦਸਿਆ ਗਿਆ।




### ਸੈਕੰਡਰੀ ਜਿਨਸੀ ਰੁਝਾਨ (Secondary Sexual

- ਹੈਟ੍ਰੋਸੈਕਸੁਅਲ (ਸਟ੍ਰੇਟ) - 11,981 ਉੱਤਰਦਾਤਾ (83%)
- ਜਿਨਸੀ ਵੰਨ-ਸੁਵੰਨਤਾ* - 2,462 ਉੱਤਰਦਾਤਾ (17%)

**ਇਸ ਵਿਚ ਲੈਸਬੀਅਨ, ਗੇਅ, ਬਾਇਸੈਕਸੁਅਲ, ਟੂ-ਸਪਿਰਿਟ, ਕੁਇਰ, ਕੋਸ਼ਚਨਿੰਗ, ਅਸੈਕਸੁਅਲ, ਪੈਨਸੈਕਸੁਅਲ ਅਤੇ/ਜਾਂ ਵਾਧੂ ਜਿਨਸੀ ਰੁਝਾਨ, ਜਿਹਨਾਂ ਬਾਰੇ ਨਹੀਂ ਦਸਿਆ ਗਿਆ


HDSB STUDENT Census

# ਅਪੰਗਤਾ(Disability)

ਵਿਦਿਆਰਥੀਆਂ ਨੂੰ ਪੁੱਛਿਆ ਗਿਆ ਸੀ ਕਿ ਉਹ ਦਸਣ ਕਿ ਕੀ ਉਹ ਆਪਣੇ ਆਪ ਨੂੰ ਅਪੰਗ ਮੰਨਦੇ ਹਨ ਜਾਂ ਨਹੀਂ।

## ਐਲੀਮੈਂਟਰੀ ਵੰਡ (Elementary

ਐਲੀਮੈਂਟਰੀ (ਕਿੰਡਰਗਾਰਟਨ - ਗ੍ਰੇਡ 8) ਦੇ 6% ਵਿਦਿਆਰਥੀ ਆਪਣੇ ਆਪ ਨੂੰ ਅਪੰਗ ਮੰਨਦੇ ਹਨ, ਜਿਹਨਾਂ ਵਿਚੋਂ 37% ਵਿਦਿਆਰਥੀਆਂ ਵਿਚ ਇਕ ਤੋਂ ਵਧ ਅਪੰਗਤਾਵਾਂ ਦਾ ਪਤਾ ਲਾਇਆ ਗਿਆ ਸੀ। ਸਿਖਣ ਸਬੰਧੀ ਅਸਮਰੱਥਾਵਾਂ, ਮਾਨਸਿਕ ਸਿਹਤ ਅਸਮਰੱਥਾਵਾਂ ਅਤੇ ਔਟਿਜ਼ਮ ਸਪੈਕਟ੍ਰਮ ਵਿਗਾੜ ਨੂੰ ਸਭ ਤੋਂ ਵਧ ਇਕੱਲੀਆਂ ਸ਼੍ਰੇਣੀਆਂ ਵਜੋਂ ਦਰਜਾ ਦਿੱਤਾ ਗਿਆ ਸੀ। ਇਸ ਗੱਲ ਦਾ ਜ਼ਿਕਰ ਕੀਤਾ ਜਾਣਾ ਜ਼ਰੂਰੀ ਹੈ ਕਿ ਐਲੀਮੈਂਟਰੀ ਦੇ ਵਿਦਿਆਰਥੀਆਂ ਵਲੋਂ ਹਰ ਤਰ੍ਹਾਂ ਦੀਆਂ ਕਿਸਮਾਂ ਬਾਰੇ ਦਸਿਆ ਗਿਆ ਸੀ, ਹਾਲਾਂਕਿ ਇਸ ਵਿਚ ਵੱਖ-ਵੱਖ ਤਰ੍ਹਾਂ ਦੀਆਂ ਵਾਰ-ਵਾਰ ਹੋਣ ਵਾਲੀਆਂ ਦਿੱਕਤਾਂ ਸ਼ਾਮਿਲ ਹੁੰਦੀਆਂ ਹਨ, ਜਿਵੇਂ ਪੀੜ ਹੋਣੀ, ਤੋਰਾ-ਫੇਰਾ ਅਤੇ ਨਸ਼ੇ ਦੇ ਅਮਲ।





ਐਲੀਮੈਂਟਰੀ ਅਪੰਗਤਾ(ਵਾਂ) (Elementary Disability(ies)

- ਨਹੀਂ - 27,844 ਉੱਤਰਦਾਤਾ (85%)
- ਪੱਕਾ ਨਹੀਂ - 2,918 ਉੱਤਰਦਾਤਾ (9%)
- ਹਾਂ - 2,056 ਉੱਤਰਦਾਤਾ (6%)

*ਫ਼ੀਸਦ ਨੂੰ 100% ਵਿਚ ਨਹੀਂ ਜੋੜਿਆ ਜਾਏਗਾ, ਕਿਉਂਕਿ ਉੱਤਰਦਾਤਾ ਕਈ ਅਪੰਗਤਾ(ਵਾਂ) ਚੁਣ ਸਕਦੇ ਹਨ

## ਸੈਕੰਡਰੀ ਵੰਡ (Secondary Breakdown)

ਸੈਕੰਡਰੀ (ਗ੍ਰੇਡ 9-12) ਦੇ 8% ਵਿਦਿਆਰਥੀ ਆਪਣੇ ਆਪ ਨੂੰ ਅਪੰਗ ਮੰਨਦੇ ਹਨ, ਜਿਹਨਾਂ ਵਿਚੋਂ ਲਗਭਗ 50% ਵਿਦਿਆਰਥੀਆਂ ਵਿਚ ਇਕ ਤੋਂ ਵਧ ਅਪੰਗਤਾਵਾਂ ਦਾ ਪਤਾ ਲਾਇਆ ਗਿਆ ਸੀ। ਸਿਖਣ ਸਬੰਧੀ ਅਸਮਰੱਥਾਵਾਂ, ਮਾਨਸਿਕ ਸਿਹਤ ਅਸਮਰੱਥਾਵਾਂ ਅਤੇ ਔਟਿਜ਼ਮ ਸਪੈਕਟ੍ਰਮ ਵਿਗਾੜ ਨੂੰ ਸਭ ਤੋਂ ਵਧ ਇਕੱਲੀਆਂ ਸ਼੍ਰੇਣੀਆਂ ਵਜੋਂ ਦਰਜਾ ਦਿੱਤਾ ਗਿਆ ਸੀ। ਇਸ ਗੱਲ ਦਾ ਜ਼ਿਕਰ ਕੀਤਾ ਜਾਣਾ ਜ਼ਰੂਰੀ ਹੈ ਕਿ ਐਲੀਮੈਂਟਰੀ ਦੇ ਵਿਦਿਆਰਥੀਆਂ ਵਲੋਂ ਹਰ ਤਰ੍ਹਾਂ ਦੀਆਂ ਕਿਸਮਾਂ ਬਾਰੇ ਦਸਿਆ ਗਿਆ ਸੀ, ਹਾਲਾਂਕਿ ਇਸ ਵਿਚ ਵੱਖ-ਵੱਖ ਤਰ੍ਹਾਂ ਦੀਆਂ ਵਾਰ-ਵਾਰ ਹੋਣ ਵਾਲੀਆਂ ਦਿੱਕਤਾਂ ਸ਼ਾਮਿਲ ਹੁੰਦੀਆਂ ਹਨ, ਜਿਵੇਂ ਪੀੜ ਹੋਣੀ, ਤੋਰਾ-ਫੇਰਾ ਅਤੇ ਨਸ਼ੇ ਦੇ ਅਮਲ।




ਸੈਕੰਡਰੀ ਅਪੰਗਤਾਵਾਂ(Secondary Disability(ies)

- ਨਹੀਂ - 12,572 ਉੱਤਰਦਾਤਾ (84%)
- ਪੱਕਾ ਨਹੀਂ - 1,227 ਉੱਤਰਦਾਤਾ (8%)
- ਹਾਂ - 1,194 ਉੱਤਰਦਾਤਾ (8%)

*ਫ਼ੀਸਦ ਨੂੰ 100% ਵਿਚ ਨਹੀਂ ਜੋੜਿਆ ਜਾਏਗਾ, ਕਿਉਂਕਿ ਉੱਤਰਦਾਤਾ ਕਈ ਅਪੰਗਤਾ(ਵਾਂ) ਚੁਣ ਸਕਦੇ ਹਨ

HDSB STUDENT Census

# ਸਕੂਲ ਦੇ ਤਜਰਬੇ


ਵਿਦਿਆਰਥੀਆਂ ਦੀ ਰਾਇ-ਸ਼ੁਮਾਰੀ ਵਿੱਚ ਹੇਠ ਲਿਖੇ ਖੇਤਰਾਂ ਵਿੱਚ ਵਿਦਿਆਰਥੀਆਂ ਦੇ ਤਜਰਬਿਆਂ ਨਾਲ ਸੰਬੰਧਤ ਕਈ ਸਵਾਲ ਸ਼ਾਮਲ ਹਨ:

(ੳ) ਸਕੂਲ ਦਾ ਉਸਾਰੂ ਮਾਹੌਲ,
(ਅ) ਅਪਣੱਤ ਦੀ ਭਾਵਨਾ,
(ੲ) ਵਿਦਿਆਰਥੀ-ਸਿੱਖਿਅਕ ਉਸਾਰੂ ਰਿਸ਼ਤੇ,
(ਸ) ਵਿਦਿਆਰਥੀਆਂ ਦਰਮਿਆਨ ਆਪਸੀ ਉਸਾਰੂ ਰਿਸ਼ਤੇ, ਅਤੇ
(ਹ) ਸਕੂਲ ਦੀਆਂ ਤਸਵੀਰਾਂ, ਸਮੱਗਰੀਆਂ, ਵਿਸ਼ਿਆਂ, ਮਜ਼ਮੂਨਾਂ ਅਤੇ ਸਮਾਗਮਾਂ ਬਾਰੇ ਉਸਾਰੂ ਨੁਮਾਇੰਦਗੀ।


ਜਿਨ੍ਹਾਂ ਵਿਦਿਆਰਥੀਆਂ ਨੇ ਹਰ ਸਵਾਲ ਦੇ ਜਵਾਬ ਲਈ **'ਸਹਿਮਤ' ਅਤੇ 'ਬੇਹੱਦ ਸਹਿਮਤ' ਚੁਣਿਆ ਅਤੇ ਜਿਨ੍ਹਾਂ ਨੇ 'ਅਸਹਿਮਤ' ਅਤੇ 'ਬੇਹੱਦ ਅਸਹਿਮਤ' ਚੁਣਿਆ**; ਅਤੇ ਅਪਣੱਤ ਦੇ ਅਹਿਸਾਸ ਵਾਸਤੇ, **ਜਿਨ੍ਹਾਂ ਵਿਦਿਆਰਥੀਆਂ ਨੇ 'ਅਕਸਰ'ਜਾਂ 'ਹਮੇਸ਼ਾ' ਚੁਣਿਆ ਅਤੇ ਜਿਨ੍ਹਾਂ ਨੇ 'ਕਦੀ ਵੀ ਨਹੀਂ' ਜਾਂ 'ਵਿਰਲਾ ਹੀ' ਚੁਣਿਆ, ਉਨ੍ਹਾਂ ਦੀ ਪ੍ਰਤੀਸ਼ਤ ਦੇ ਜੋੜ** ਦੇ ਆਧਾਰ 'ਤੇ ਇੱਕ ਸੰਯੋਜਿਤ ਮਾਪਕ ਵਿਕਸਤ ਕਰਨ ਲਈ ਇਨ੍ਹਾਂ ਸਵਾਲਾਂ ਦੇ ਜਵਾਬਾਂ ਦਾ ਸਾਰ ਕੀਤਾ ਗਿਆ ਅਤੇ ਪ੍ਰਤੀ ਖੇਤਰ ਇੱਕ ਔਸਤ ਕੱਢੀ ਗਈ।

## ਸਕੂਲ ਦਾ ਉਸਾਰੂ ਮਾਹੌਲ

ਐਲੀਮੈਂਟਰੀ (ਕਿੰ - ਗਰੇਡ 8)




ਸੈਕੰਡਰੀ (ਗਰੇਡ 9 - 12)





ਸਕੂਲ ਦੇ ਮਾਹੌਲ ਵਿੱਚ ਹੇਠ ਲਿਖੇ ਸਵਾਲ ਸ਼ਾਮਲ ਹਨ:
- ਮੇਰੇ ਸਕੂਲ ਵਿਖੇ ਬਾਲਗ਼ ਵਿਦਿਆਰਥੀਆਂ ਨਾਲ ਨਿਆਂਕਾਰੀ ਢੰਗ ਨਾਲ ਪੇਸ਼ ਆਉਂਦੇ ਹਨ
- ਮੇਰੇ ਸਕੂਲ ਵਿਖੇ ਬਾਲਗ਼ ਵਿਦਿਆਰਥੀਆਂ ਦੀ ਗੱਲ ਸੁਣਦੇ ਹਨ
- ਮੇਰੇ ਸਕੂਲ ਵਿਖੇ ਅਧਿਆਪਕ ਵਿਦਿਆਰਥੀਆਂ ਦਾ ਖ਼ਿਆਲ ਰੱਖਦੇ ਹਨ
- ਮੇਰਾ ਸਕੂਲ ਇੱਕ ਨਿੱਘੀ ਅਤੇ ਦੋਸਤਾਨਾ ਥਾਂ ਹੈ
- ਸਿੱਖਣ ਲਈ ਮੇਰਾ ਸਕੂਲ ਇੱਕ ਸਵਾਗਤ-ਕਰਦੀ ਥਾਂ ਹੈ
- ਜਦੋਂ ਲੋੜ ਪਵੇ ਤਾਂ ਮੇਰੇ ਸਕੂਲ ਵਿੱਚ ਮੇਰੇ ਲਈ ਸਿੱਖਿਆ ਵਿੱਚ ਵਧੀਕ ਮਦਦ ਉਪਲਬਧ ਹੁੰਦੀ ਹੈ


ਸਭਨਾਂ ਬਿਆਨਾਂ ਲਈ ਕੁੱਲ 31,339 ਤੋਂ 32,609 ਐਲੀਮੈਂਟਰੀ ਅਤੇ 13,701 ਤੋਂ 14,310 ਸੈਕੰਡਰੀ ਵਿਦਿਆਰਥੀਆਂ ਨੇ ਦਰਜਾਬੰਦੀ ਪ੍ਰਦਾਨ ਕੀਤੀ।

## ਅਪਣੱਤ ਦਾ ਅਹਿਸਾਸ

ਐਲੀਮੈਂਟਰੀ (ਕਿੰ - ਗਰੇਡ 8)




ਸੈਕੰਡਰੀ (ਗਰੇਡ 9 - 12)





ਅਪਣੱਤ ਦੇ ਅਹਿਸਾਸ ਲਈ ਵਿਦਿਆਰਥੀਆਂ ਨੇ ਹੇਠ ਲਿਖੇ ਪੱਖਾਂ ਬਾਰੇ ਦੱਸਿਆ:
- ਮੈਂ ਸਕੂਲ ਵਿੱਚ ਖ਼ੁਸ਼ ਰਹਿੰਦਾ ਹਾਂ
- ਮੈਨੂੰ ਲੱਗਦਾ ਹੈ ਕਿ ਸਕੂਲ ਮੇਰਾ ਹੈ
- ਮੈਨੂੰ ਲੱਗਦਾ ਹੈ ਕਿ ਸਕੂਲ ਵਿੱਚ ਵਿਦਿਆਰਥੀ ਮੈਨੂੰ ਪ੍ਰਵਾਨ ਕਰਦੇ ਹਨ
- ਮੈਨੂੰ ਲੱਗਦਾ ਹੈ ਕਿ ਸਕੂਲ ਵਿੱਚ ਬਾਲਗ ਮੈਨੂੰ ਪ੍ਰਵਾਨ ਕਰਦੇ ਹਨ
- ਮੈਨੂੰ ਲੱਗਦਾ ਹੈ ਕਿ ਸਕੂਲ ਦੇ ਨਿਯਮ ਨਿਆਂਕਾਰੀ ਹਨ


ਸਭਨਾਂ ਬਿਆਨਾਂ ਲਈ ਕੁੱਲ 31,078 ਤੋਂ 32,514 ਐਲੀਮੈਂਟਰੀ ਅਤੇ 9,329 ਤੋਂ 9,978 ਸੈਕੰਡਰੀ ਵਿਦਿਆਰਥੀਆਂ ਨੇ ਦਰਜਾਬੰਦੀ ਪ੍ਰਦਾਨ ਕੀਤੀ।

## ਵਿਦਿਆਰਥੀ-ਸਿਖਿਅਕ ਰਿਸ਼ਤੇ

ਐਲੀਮੈਂਟਰੀ (ਕਿੰ - ਗਰੇਡ 8)




ਸੈਕੰਡਰੀ (ਗਰੇਡ 9 - 12)





ਹੇਠ ਲਿਖੇ ਸਵਾਲਾਂ ਦੇ ਜਵਾਬ ਦੇ ਕੇ ਵਿਦਿਆਰਥੀਆਂ ਨੇ ਸਿੱਖਿਅਕਾਂ ਨਾਲ ਆਪਣੇ ਸੰਬੰਧਾਂ ਦੇ ਮਿਆਰ ਬਾਰੇ ਦੱਸਿਆ
- ਜਦੋਂ ਮੈਨੂੰ ਲੋੜ ਹੋਵੇ ਤਾਂ ਮੇਰੇ ਅਧਿਆਪਕ ਮੇਰੇ ਲਈ ਮੌਜੂਦ ਹੁੰਦੇ ਹਨ
- ਮੇਰੇ ਅਧਿਆਪਕ ਮੇਰੇ ਨਾਲ ਖੁੱਲ੍ਹ ਕੇ ਅਤੇ ਇਮਾਨਦਾਰੀ ਨਾਲ ਪੇਸ਼ ਆਉਂਦੇ ਹਨ
- ਸਕੂਲ ਵਿੱਚ ਅਧਿਆਪਕਾਂ ਨਾਲ ਗੱਲ ਕਰਨਾ ਮੈਨੂੰ ਚੰਗਾ ਲੱਗਦਾ ਹੈ
- ਮੇਰੇ ਅਧਿਆਪਕ ਮੇਰਾ ਇਤਬਾਰ ਕਰਦੇ ਹਨ
- ਮੇਰੇ ਸਕੂਲ ਵਿਚਲੇ ਬਹੁਤੇ ਅਧਿਆਪਕ ਮੇਰੇ ਵਿੱਚ ਨਾ ਸਿਰਫ਼ ਇੱਕ ਵਿਦਿਆਰਥੀ ਵਜੋਂ, ਸਗੋਂ ਇੱਕ ਇਨਸਾਨ ਵਜੋਂ ਦਿਲਚਸਪੀ ਲੈਂਦੇ ਹਨ


ਸਭਨਾਂ ਬਿਆਨਾਂ ਲਈ ਕੁੱਲ 22,451 ਤੋਂ 32,354 ਐਲੀਮੈਂਟਰੀ ਅਤੇ 13,170 ਤੋਂ 14,769 ਸੈਕੰਡਰੀ ਵਿਦਿਆਰਥੀਆਂ ਨੇ ਦਰਜਾਬੰਦੀ ਪ੍ਰਦਾਨ ਕੀਤੀ।

## ਵਿਦਿਆਰਥੀ-ਵਿਦਿਆਰਥੀ ਰਿਸ਼ਤੇ

ਐਲੀਮੈਂਟਰੀ (ਕਿੰ - ਗਰੇਡ 8)




ਸੈਕੰਡਰੀ (ਗਰੇਡ 9 - 12)





ਹੇਠ ਲਿਖੇ ਸਵਾਲਾਂ ਦੇ ਜਵਾਬ ਦੇ ਕੇ ਵਿਦਿਆਰਥੀਆਂ ਨੇ ਬਾਕੀ ਵਿਦਿਆਰਥੀਆਂ ਨਾਲ ਆਪਣੇ ਸੰਬੰਧਾਂ ਦੇ ਮਿਆਰ ਬਾਰੇ ਦੱਸਿਆ:
- ਮੇਰੇ ਸਕੂਲ ਵਿੱਚ ਅਜਿਹੇ ਵਿਦਿਆਰਥੀ ਹਨ ਜੋ ਮੇਰਾ ਖ਼ਿਆਲ ਰੱਖਦੇ ਹਨ
- ਜਦੋਂ ਮੈਨੂੰ ਲੋੜ ਹੋਵੇ ਤਾਂ ਮੇਰੇ ਸਕੂਲ ਦੇ ਵਿਦਿਆਰਥੀ ਮੇਰੇ ਲਈ ਮੌਜੂਦ ਹੁੰਦੇ ਹਨ
- ਮੈਂ ਜਿਵੇਂ ਦਾ ਵੀ ਹਾਂ, ਮੇਰੇ ਸਕੂਲ ਦੇ ਬਾਕੀ ਵਿਦਿਆਰਥੀ ਮੈਨੂੰ ਪਸੰਦ ਕਰਦੇ ਹਨ
- ਆਪਣੇ ਸਕੂਲ ਦੇ ਵਿਦਿਆਰਥੀਆਂ ਨਾਲ ਗੱਲ-ਬਾਤ ਕਰਨਾ ਮੈਨੂੰ ਚੰਗਾ ਲੱਗਦਾ ਹੈ
- ਮੇਰੇ ਸਕੂਲ ਦੇ ਵਿਦਿਆਰਥੀ ਮੇਰੇ ਕਹੇ ਦਾ ਆਦਰ ਕਰਦੇ ਹਨ
- ਸਕੂਲ ਵਿੱਚ ਮੇਰੇ ਕੁੱਝ ਦੋਸਤ ਹਨ


ਸਭਨਾਂ ਬਿਆਨਾਂ ਲਈ ਕੁੱਲ 28,651 ਤੋਂ 32,603 ਐਲੀਮੈਂਟਰੀ ਅਤੇ 13,077 ਤੋਂ 14,231 ਸੈਕੰਡਰੀ ਵਿਦਿਆਰਥੀਆਂ ਨੇ ਦਰਜਾਬੰਦੀ ਪ੍ਰਦਾਨ ਕੀਤੀ।

## ਸਕੂਲ ਦੀਆਂ ਤਸਵੀਰਾਂ, ਸਮੱਗਰੀਆਂ, ਮਜ਼ਮੂਨਾਂ ਅਤੇ ਸਮਾਗਮਾਂ ਵਿੱਚ ਉਸਾਰੂ ਨੁਮਾਇੰਦਗੀ

ਐਲੀਮੈਂਟਰੀ (ਕਿੰ - ਗਰੇਡ 8)




ਸੈਕੰਡਰੀ (ਗਰੇਡ 9 - 12)




ਵਿਦਿਆਰਥੀਆਂ ਨੇ ਹੇਠ ਲਿਖੇ ਸਵਾਲਾਂ ਦੇ ਜਵਾਬ ਦਿੱਤੇ: ਮੇਰੇ ਸਕੂਲ ਵਿੱਚ ਵਿਦਿਆਰਥੀਆਂ ਨੂੰ ਉਸਾਰੂ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ:

- ਤਸਵੀਰਾਂ, ਪੋਸਟਰਾਂ ਅਤੇ ਵਿਦਿਆਰਥੀਆਂ ਦੇ ਕੰਮਾਂ ਦੀ ਨੁਮਾਇਸ਼ ਵਿੱਚ
- ਕਲਾਸਾਂ ਵਿੱਚ ਅਧਿਆਪਕਾਂ ਵੱਲੋਂ ਵਰਤੀ ਜਾਂਦੀ ਸਮੱਗਰੀ (ਜਿਵੇਂ ਕਿਤਾਬਾਂ, ਵਿਡੀਓ) ਵਿੱਚ
- ਕਲਾਸ ਵਿੱਚ ਸਾਡੇ ਵੱਲੋਂ ਪੜ੍ਹੇ ਜਾਂਦੇ ਮਜ਼ਮੂਨਾਂ ਵਿੱਚ
- ਸਕੂਲ ਦੇ ਸਮਾਗਮਾਂ/ਸਰਗਰਮੀਆਂ (ਜਿਵੇਂ ਵਿੱਦਿਅਕ ਸਫ਼ਰਾਂ, ਮਹਿਮਾਨ ਬੁਲਾਰਿਆਂ, ਪੇਸ਼ਕਾਰੀਆਂ, ਕਲੱਬਾਂ ਅਤੇ ਜਸ਼ਨਾਂ ਵਗ਼ੈਰਾ ਵਿੱਚ)

ਸਭਨਾਂ ਬਿਆਨਾਂ ਲਈ ਕੁੱਲ 24,847 ਤੋਂ 26,506 ਐਲੀਮੈਂਟਰੀ ਅਤੇ 11,944 ਤੋਂ 12,326 ਸੈਕੰਡਰੀ ਵਿਦਿਆਰਥੀਆਂ ਨੇ ਦਰਜਾਬੰਦੀ ਪ੍ਰਦਾਨ ਕੀਤੀ।

HDSB STUDENT Census


# ਵਿਦਿਆਰਥੀਆਂ ਦੇ ਜਜ਼ਬਾਤ

ਹਰ ਖੇਤਰ ਵਿੱਚ ਅਨੇਕਾਂ ਸਵਾਲਾਂ ਦੇ ਜਵਾਬ ਦੇ ਕੇ ਵਿਦਿਆਰਥੀਆਂ ਨੇ ਸਕੂਲ ਵਿੱਚ ਸ਼ਮੂਲੀਅਤ ਅਤੇ ਰਾਜ਼ੀ-ਖੁਸ਼ੀ ਦੇ ਅਹਿਸਾਸ ਬਾਰੇ ਦੱਸਿਆ। ਜਿਨ੍ਹਾਂ ਵਿਦਿਆਰਥੀਆਂ ਨੇ ਹਰ ਸਵਾਲ ਦੇ ਜਵਾਬ ਲਈ **"ਸਹਿਮਤ" ਅਤੇ "ਬੇਹੱਦ ਸਹਿਮਤ" ਚੁਣਿਆ ਅਤੇ ਜਿਨ੍ਹਾਂ ਨੇ "ਅਸਹਿਮਤ" ਅਤੇ "ਬੇਹੱਦ ਅਸਹਿਮਤ" ਚੁਣਿਆ**; ਅਤੇ ਰਾਜ਼ੀ-ਖੁਸ਼ੀ ਦੇ ਅਹਿਸਾਸ ਵਾਸਤੇ, ਜਿਨ੍ਹਾਂ ਵਿਦਿਆਰਥੀਆਂ ਨੇ **"ਅਕਸਰ" ਜਾਂ "ਹਮੇਸ਼ਾ" ਚੁਣਿਆ ਅਤੇ ਜਿਨ੍ਹਾਂ ਨੇ "ਕਦੀ ਵੀ ਨਹੀਂ" ਜਾਂ "ਵਿਰਲਾ ਹੀ" ਚੁਣਿਆ**, ਉਨ੍ਹਾਂ ਦੀ ਪ੍ਰਤੀਸ਼ਤ ਦੇ ਜੋੜ ਦੇ ਆਧਾਰ 'ਤੇ ਇੱਕ ਸੰਯੋਜਿਤ ਮਾਪਕ ਵਿਕਸਤ ਕਰਨ ਲਈ ਇਨ੍ਹਾਂ ਸਵਾਲਾਂ ਦੇ ਜਵਾਬਾਂ ਦਾ ਸਾਰ ਕੀਤਾ ਗਿਆ ਅਤੇ ਪ੍ਰਤੀ ਖੇਤਰ ਇੱਕ ਔਸਤ ਕੱਢੀ ਗਈ।


ਇੱਕ ਸਵਾਲ ਦਾ ਜਵਾਬ 'ਹਾਂ' ਜਾਂ 'ਨਾਂਹ" ਦੇ ਵਿਕਲਪਾਂ ਵਿੱਚ ਦੇ ਕੇ ਵਿਦਿਆਰਥੀਆਂ ਨੇ ਮਾਨਸਿਕ ਸਿਹਤ ਅਤੇ ਰਾਜ਼ੀ-ਖੁਸ਼ੀ ਬਾਰੇ ਅਤੇ ਸਕੂਲਾਂ ਵਿਖੇ ਉਪਲਬਧ ਸਹਾਰਿਆਂ ਬਾਰੇ ਆਪਣੀ ਜਾਗਰੂਕਤਾ ਬਾਰੇ ਵੀ ਦੱਸਿਆ।

## ਸਕੂਲ ਵਿੱਚ ਸ਼ਮੂਲੀਅਤ

ਐਲੀਮੈਂਟਰੀ (ਕਿੰ - ਗਰੇਡ 8)




ਸੈਕੰਡਰੀ (ਗਰੇਡ 9 - 12)





ਸਕੂਲ ਦੀ ਸ਼ਮੂਲੀਅਤ ਵਿੱਚ ਹੇਠ ਲਿਖੇ ਸਵਾਲ ਸ਼ਾਮਲ ਹਨ

- ਮੈਨੂੰ ਸਕੂਲ ਵਿੱਚ ਰਹਿਣਾ ਚੰਗਾ ਲੱਗਦਾ ਹੈ
- ਮੈਂ ਸਕੂਲ ਵਿੱਚ ਖੁਸ਼ ਰਹਿੰਦਾ ਹਾਂ


ਸਭਨਾਂ ਬਿਆਨਾਂ ਲਈ ਕੁੱਲ 32,071 ਤੋਂ 32,072 ਐਲੀਮੈਂਟਰੀ ਅਤੇ 14,409 ਤੋਂ 14,438 ਸੈਕੰਡਰੀ ਵਿਦਿਆਰਥੀਆਂ ਨੇ ਦਰਜਾਬੰਦੀ ਪ੍ਰਦਾਨ ਕੀਤੀ।

## ਰਾਜ਼ੀ-ਖੁਸ਼ੀ

ਐਲੀਮੈਂਟਰੀ (ਕਿੰ - ਗਰੇਡ 8)




ਸੈਕੰਡਰੀ (ਗਰੇਡ 9 - 12)





ਰਾਜ਼ੀ-ਖੁਸ਼ੀ ਦੇ ਅਹਿਸਾਸ ਵਾਲੇ ਸਵਾਲਾਂ ਵਿੱਚ ਇਹ ਬਿਆਨ ਸ਼ਾਮਲ ਹਨ:

- ਆਪਣੇ ਆਪ ਬਾਰੇ ਵਧੀਆ ਲੱਗਣਾ
- ਭਵਿੱਖ ਬਾਰੇ ਆਸਵੰਦ ਰਹਿਣਾ
- ਜਿਵੇਂ ਦੀ ਤੁਹਾਡੀ ਦਿੱਖ ਹੈ, ਪਸੰਦ ਹੋਣੀ
- ਇੱਕਲਾਪਣ
- ਘਬਰਾਏ ਹੋਏ, ਫਿਰਕਮੰਦ ਹੋਣਾ
- ਉਦਾਸੀ
- ਬੇਵਜ੍ਹਾ ਥਕਾਵਟ
- ਬੇਹੱਦ ਤਣਾਅ ਜਾਂ ਦਬਾਅ ਹੋਣਾ (ਜਿਵੇਂ ਨਿਢਾਲ ਹੋ ਜਾਣਾ)


ਸਭਨਾਂ ਬਿਆਨਾਂ ਲਈ ਕੁੱਲ 29,807 ਤੋਂ 32,833 ਐਲੀਮੈਂਟਰੀ ਅਤੇ 9,754 ਤੋਂ 10,431 ਸੈਕੰਡਰੀ ਵਿਦਿਆਰਥੀਆਂ ਨੇ ਦਰਜਾਬੰਦੀ ਪ੍ਰਦਾਨ ਕੀਤੀ।

## ਮਾਨਸਿਕ ਸਿਹਤ ਅਤੇ ਰਾਜ਼ੀ-ਖੁਸ਼ੀ ਸੰਬੰਧੀ ਸਕੂਲ ਵਿਚਲੇ ਸਹਾਰਿਆਂ ਬਾਰੇ ਵਿਦਿਆਰਥੀਆਂ ਵਿੱਚ ਜਾਗਰੂਕਤਾ

ਐਲੀਮੈਂਟਰੀ (ਕਿੰ - ਗਰੇਡ 8)




ਸੈਕੰਡਰੀ (ਗਰੇਡ 9 - 12)




ਵਿਦਿਆਰਥੀਆਂ ਨੂੰ ਸਕੂਲ ਵਿਖੇ ਸਹਿਰਆਂ ਦੀ ਉਪਲਬਧਤਾ ਬਾਰੇ ਹੇਠ ਲਿਖੇ 'ਹਾਂ' ਜਾਂ 'ਨਾਂਹ" ਜਵਾਬ ਦੇਣ ਰਾਹੀਂ ਆਪਣੀ ਜਾਗਰੂਕਤਾ ਬਾਰੇ ਦੱਸਣ ਲਈ ਆਖਿਆ ਗਿਆ।

- ਕੀ ਤੁਹਾਨੂੰ ਪਤਾ ਹੈ ਕਿ ਤੁਹਾਡੇ ਸਕੂਲ ਵਿੱਚ ਮਾਨਸਿਕ ਸਿਹਤ ਅਤੇ ਰਾਜ਼ੀ-ਖੁਸ਼ੀ ਸੰਬੰਧੀ ਵਿਦਿਆਰਥੀਆਂ ਦੀ ਮਦਦ ਲਈ ਸਹਾਰੇ ਮੌਜਦੂ ਹਨ।

ਸਭਨਾਂ ਬਿਆਨਾਂ ਲਈ ਕੁੱਲ 33,546 ਐਲੀਮੈਂਟਰੀ ਅਤੇ 14,870 ਸੈਕੰਡਰੀ ਵਿਦਿਆਰਥੀਆਂ ਨੇ ਦਰਜਾਬੰਦੀ ਪ੍ਰਦਾਨ ਕੀਤੀ।


HDSB STUDENT Census

# ਸਿਖਲਾਈ ਅਤੇ ਅਧਿਆਪਨ


ਵਿਦਿਆਰਥੀਆਂ ਨੇ ਹੇਠ ਲਿਖਿਆਂ ਸਮੇਤ ਸਿਖਲਾਈ ਅਤੇ ਪੜ੍ਹਾਈ ਦੇ ਵੱਖ-ਵੱਖ ਪੱਖਾਂ ਬਾਰੇ ਦੱਸਿਆ: (ੳ) ਪੜ੍ਹਾਉਣ ਵਾਲੇ ਦੀਆਂ ਉਮੀਦਾਂ (ਅ) ਸਿੱਖਿਆ ਵਿੱਚ ਮਾਪਿਆਂ ਦੀ ਸ਼ਮੂਲੀਅਤ (ੲ) ਵਿਭਿੰਨ ਆਬਾਦੀਆਂ ਦੇ ਤਜਰਬਿਆਂ ਅਤੇ ਪ੍ਰਾਪਤੀਆਂ ਬਾਰੇ ਸਿੱਖਣਾ (ਸ) ਮਨੁੱਖੀ ਅਧਿਕਾਰਾਂ/ ਸਮਾਜਿਕ ਨਿਆਂ ਦੇ ਮੁੱਦਿਆਂ ਬਾਰੇ ਸਿੱਖਣਾ (ਹ) ਮੂਲ ਨਿਵਾਸੀਆਂ ਦੇ ਇਤਿਹਾਸ, ਯੋਗਦਾਨ ਅਤੇ ਮੌਜੂਦਾ ਹਕੀਕਤਾਂ ਬਾਰੇ ਸਿੱਖਣਾ, ਅਤੇ (ਕ) ਬਸਤੀਵਾਦ ਦੇ ਵਰਤਮਾਨ ਅਤੇ ਪਹਿਲੇ ਅਸਰ। ਜਿਨ੍ਹਾਂ ਵਿਦਿਆਰਥੀਆਂ ਨੇ ਹਰ ਸਵਾਲ ਦੇ ਜਵਾਬ **ਲਈ "ਸਹਿਮਤ" ਅਤੇ "ਬੇਹੱਦ ਸਹਿਮਤ" ਚੁਣਿਆ ਅਤੇ ਜਿਨ੍ਹਾਂ ਨੇ "ਅਸਹਿਮਤ" ਅਤੇ "ਬੇਹੱਦ ਅਸਹਿਮਤ" ਚੁਣਿਆ**; ਅਤੇ ਅਤੇ ਵਿਭਿੰਨ ਆਬਾਦੀਆਂ ਦੇ ਤਜਰਬਿਆਂ/ਪ੍ਰਾਪਤੀਆਂ ਸੰਬੰਧੀ ਸਿੱਖਣ ਬਾਰੇ ਵਾਸਤੇ ਜਿਨ੍ਹਾਂ ਵਿਦਿਆਰਥੀਆਂ ਨੇ **"ਅਕਸਰ" ਜਾਂ "ਹਮੇਸ਼ਾ" ਚੁਣਿਆ ਅਤੇ ਜਿਨ੍ਹਾਂ ਨੇ "ਕਦੀ ਵੀ ਨਹੀਂ" ਜਾਂ "ਵਿਰਲਾ ਹੀ" ਚੁਣਿਆ**, ਉਨ੍ਹਾਂ ਦੀ ਪ੍ਰਤੀਸ਼ਤ ਦੇ ਜੋੜ ਦੇ ਆਧਾਰ 'ਤੇ ਇੱਕ ਸੰਯੋਜਿਤ ਮਾਪਕ ਵਿਕਸਤ ਕਰਨ ਲਈ ਇਨ੍ਹਾਂ ਸਵਾਲਾਂ ਦੇ ਜਵਾਬਾਂ ਦਾ ਸਾਰ ਕੀਤਾ ਗਿਆ ਅਤੇ ਪ੍ਰਤੀ ਖੇਤਰ ਇੱਕ ਔਸਤ ਕੱਢੀ ਗਈ।

## ਸਿੱਖਿਅਕ ਦੀਆਂ ਉਮੀਦਾਂ

ਐਲੀਮੈਂਟਰੀ (ਗਰੇਡ 4 - 8)




ਸੈਕੰਡਰੀ (ਗਰੇਡ 9 - 12)





ਕੁੱਲ 19,158 ਐਲੀਮੈਂਟਰੀ (ਗਰੇਡ 4-8) ਵਿਦਿਆਰਥੀਆਂ ਅਤੇ 13,170 ਸੈਕੰਡਰੀ ਵਿਦਿਆਰਥੀਆਂ ਨੇ ਹੇਠ ਲਿਖੇ ਸਵਾਲ ਲਈ ਦਰਜਾਬੰਦੀ ਪ੍ਰਦਾਨ ਕੀਤੀ।


- ਮੇਰੇ ਅਧਿਆਪਕਾਂ ਨੂੰ ਮੇਰੇ ਤੋਂ ਬੜੀਆਂ ਉਮੀਦਾਂ ਹਨ।

## ਸਿੱਖਿਆ ਵਿੱਚ ਮਾਪਿਆਂ ਦੀ ਸ਼ਮੂਲੀਅਤ

ਐਲੀਮੈਂਟਰੀ (ਕਿੰ - ਗਰੇਡ 8)




ਸੈਕੰਡਰੀ (ਗਰੇਡ 9 - 12)





ਸਿਖਲਾਈ ਵਿੱਚ ਮਾਪਿਆਂ ਦੀ ਸ਼ਮੂਲੀਅਤ ਵਿੱਚ ਹੇਠ ਲਿਖੇ ਸਵਾਲ ਸ਼ਾਮਲ ਹਨ। ਘਰ ਵਿੱਚ ਮੇਰਾ ਮਾਪਾ/ਮੇਰੇ ਮਾਪੇ/ਸਰਪ੍ਰਸਤ ਜਾਂ ਹੋਰ ਬਾਲਗ਼:


- ਸਕੂਲ ਦਾ ਕੰਮ ਕਰਨ ਵਿੱਚ ਮੇਰੀ ਮਦਦ ਕਰਦੇ ਹਨ
- ਮੈਂ ਸਕੂਲ ਵਿਖੇ ਕੀ ਕੀਤਾ, ਇਸ ਬਾਰੇ ਮੇਰੇ ਨਾਲ ਗੱਲਬਾਤ ਕਰਦੇ ਹਨ
- ਮੇਰੇ ਤੋਂ ਮੇਰੇ ਸਕੂਲ ਦੇ ਕੰਮ-ਕਾਜ ਬਾਰੇ ਪੁੱਛਦੇ ਹਨ
- ਚਾਹੁੰਦੇ ਹਨ ਕਿ ਮੈਂ ਸਕੂਲ ਵਿੱਚ ਸਖਤ ਮਿਹਨਤ ਕਰਾਂ
- ਸਮੁੱਚੇ ਬਿਆਨਾਂ ਬਾਰੇ ਕੁੱਲ 33,198 ਤੋਂ 33,305 ਐਲੀਮੈਂਟਰੀ ਅਤੇ 14,753 ਤੋਂ 14,777 ਸੈਕੰਡਰੀ ਵਿਦਿਆਰਥੀਆਂ ਨੇ ਦਰਜਾਬੰਦੀ ਪ੍ਰਦਾਨ ਕੀਤੀ।

## ਵਿਭਿੰਨ ਆਬਾਦੀਆਂ ਦੇ ਤਜਰਬਿਆਂ/ਪ੍ਰਾਪਤੀਆਂ ਬਾਰੇ ਸਿੱਖਣਾ

ਐਲੀਮੈਂਟਰੀ (ਕਿੰ - ਗਰੇਡ 8)




ਸੈਕੰਡਰੀ (ਗਰੇਡ 9 - 12)




ਵਿਦਿਆਰਥੀਆਂ ਨੇ ਇਸ ਬਾਰੇ ਟਿੱਪਣੀ ਕੀਤੀ ਕਿ ਹੇਠ ਲਿਖੇ ਲੋਕਾਂ ਦੇ ਵਿਭਿੰਨਤਾ-ਭਰਪੂਰ ਦਲਾਂ ਦੇ ਤਜਰਬਿਆਂ ਅਤੇ/ਜਾਂ ਪ੍ਰਾਪਤੀਆਂ ਬਾਰੇ ਉਨ੍ਹਾਂ ਨੇ ਸਕੂਲ ਵਿੱਚ ਕਿੰਨ੍ਹੀ ਕੁ ਵਾਰੀ ਸਿੱਖਿਆ।


- ਔਰਤਾਂ ਅਤੇ ਲੜਕੀਆਂ
- ਮੂਲ ਨਿਵਾਸੀ ਭਾਈਚਾਰੇ (ਫਸਟ ਨੇਸ਼ਨਜ਼, ਮੇਟੀ, ਇਨੂਇਟ)
- ਵਿਭਿੰਨ ਨਸਲੀ, ਸੱਭਿਆਚਾਰ ਜਾਂ ਜਾਂਤਾਂ ਦੇ ਦਲ
- ਵਿਭਿੰਨ ਧਾਰਮਿਕ/ ਅਕੀਦੇਵਾਨ ਭਾਈਚਾਰੇ
- ਅਪਾਹਜ ਵਿਅਕਤੀ
- ਅਲੱਗ-ਅਲੱਗ ਮਾਇਕ ਸਥਿਤਿ ਵਾਲੇ ਵਿਅਕਤੀ
- *ਅਲੱਗ-ਅਲੱਗ ਲਿੰਗੀ ਰੁਝਾਨਾਂ ਵਾਲੇ ਵਿਅਕਤੀ
- *ਟਰਾਂਸਜੈਂਡਰ ਵਜੋਂ ਪਛਾਣੇ ਜਾਣ ਵਾਲੇ ਵਿਅਕਤੀ

- ਸਮੁੱਚੇ ਬਿਆਨਾਂ ਬਾਰੇ ਕੁੱਲ 14,173 ਤੋਂ 31,700 ਐਲੀਮੈਂਟਰੀ ਅਤੇ 14,441 ਤੋਂ 14,500 ਸੈਕੰਡਰੀ ਵਿਦਿਆਰਥੀਆਂ ਨੇ ਦਰਜਾਬੰਦੀ ਪ੍ਰਦਾਨ ਕੀਤੀ।


* ਸਵਾਲ ਗਰੇਡ 7 ਅਤੇ ਵੱਡੀ ਕਲਾਸ ਦੇ ਵਿਦਿਆਰਥੀਆਂ ਨੂੰ ਪੁਛਿਆ ਗਿਆ

## ਮਾਨਵੀ ਅਧਿਕਾਰਾ/ਸਮਾਜਿਕ ਨਿਆਂ ਦੇ ਮੁੱਦਿਆਂ ਬਾਰੇ ਸਿੱਖਣਾ

ਐਲੀਮੈਂਟਰੀ (ਕਿੰ - ਗਰੇਡ 8)




ਸੈਕੰਡਰੀ (ਗਰੇਡ 9 - 12)





ਕੁੱਲ 8,515 ਤੋਂ 27,344 ਐਲੀਮੈਂਟਰੀ ਅਤੇ 13,242 ਤੋਂ 13,885 ਸੈਕੰਡਰੀ ਵਿਦਿਆਰਥੀਆਂ ਨੇ ਹੇਠ ਲਿਖੇ ਸਵਾਲਾਂ ਲਈ ਦਰਜਾਬੰਦੀ ਪ੍ਰਦਾਨ ਕੀਤੀ:

ਮੇਰੇ ਸਕੂਲ ਵਿਖੇ ਮੈਨੂੰ ਹੇਠ ਲਿਖਿਆਂ ਨਾਲ ਸੰਬੰਧਤ ਮਾਨਵ ਅਧਿਕਾਰਾਂ/ਸਮਾਜਿਕ ਨਿਆਂ ਦੇ ਮੁੱਦਿਆਂ ਬਾਰੇ ਸੋਚਣ ਜਾ ਸਿੱਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ:


- ਲਿੰਗਕ 'ਸ਼ਨਾਖਤ" (ਗਰੇਡ 7 ਅਤੇ ਵੱਡੀਆਂ ਕਲਾਸਾਂ)
- ਨਸਲ, ਕੌਮੀਅਤ ਅਤੇ/ ਜਾਂ ਸੱਭਿਆਚਾਰ
- ਗਰੀਬੀ
- ਅਪਾਹਜਤਾ/ਚੁਣੌਤੀਆਂ

## ਮੂਲ ਨਿਵਾਸੀਆਂ ਦੇ ਇਤਿਹਾਸ, ਯੋਗਦਾਨ ਅਤੇ ਮੌਜੂਦਾ ਹਕੀਕਤਾਂ ਬਾਰੇ ਸਿੱਖਣਾ

ਐਲੀਮੈਂਟਰੀ (ਗਰੇਡ 4 - 8)




ਸੈਕੰਡਰੀ (ਗਰੇਡ 9 - 12)





ਕੁੱਲ 16,787 ਐਲੀਮੈਂਟਰੀ (ਗਰੇਡ 4-8) ਵਿਦਿਆਰਥੀਆਂ ਅਤੇ 7,623 ਸੈਕੰਡਰੀ ਵਿਦਿਆਰਥੀਆਂ ਨੇ ਹੇਠ ਲਿਖੇ ਸਵਾਲ ਲਈ ਦਰਜਾਬੰਦੀ ਪ੍ਰਦਾਨ ਕੀਤੀ।


- ਆਪਣੇ ਸਕੂਲ ਵਿਖੇ ਮੈਨੂੰ ਮੌਕਾ ਮਿਲਦਾ ਹੈ ਕਿ ਮੂਲ ਨਿਵਾਸੀਆਂ ਦੇ ਇਤਿਹਾਸ, ਯੋਗਦਾਨ ਅਤੇ ਮੌਜੂਦਾ ਹਕੀਕਤਾਂ ਬਾਰੇ ਸਿੱਖ ਸਕਾਂ

## ਬਸਤੀਵਾਦ ਦੇ ਪਹਿਲੇ ਦੇ ਅਤੇ ਮੌਜਦਾ ਅਸਰਾਂ ਬਾਰੇ ਸਿੱਖਣਾ

ਐਲੀਮੈਂਟਰੀ (ਗਰੇਡ 4 - 8)




ਸੈਕੰਡਰੀ (ਗਰੇਡ 9 - 12)




ਕੁੱਲ 13,718 ਐਲੀਮੈਂਟਰੀ (ਗਰੇਡ 4-8) ਵਿਦਿਆਰਥੀਆਂ ਅਤੇ 6,997 ਸੈਕੰਡਰੀ ਵਿਦਿਆਰਥੀਆਂ ਨੇ ਹੇਠ ਦੱਸੇ ਸਵਾਲ ਲਈ ਦਰਜਾਬੰਦੀ ਪ੍ਰਦਾਨ ਕੀਤੀ।

- ਮੈਨੂੰ ਮੌਕਾ ਮਿਲਦਾ ਹੈ ਕਿ ਮੂਲ ਨਿਵਾਸੀਆਂ ਦੇ ਇਤਿਹਾਸ, ਯੋਗਦਾਨ ਅਤੇ ਮੌਜੂਦਾ ਹਕੀਕਤਾਂ ਬਾਰੇ ਸਿੱਖ ਸਕਾਂ